# ਕੜਿਆਲਵੀ ਦੀਆਂ ਕਹਾਣੀਆਂ 'ਤੇ ਨਾਟਕ - ਊਣੇ ਤੇ ਸੱਖਣੇ

30th March, 2001

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਇਹ ਨਾਟਕ ਗੁਰਮੀਤ ਕੜਿਆਲਵੀ ਦੇ ਕਹਾਣੀ ਸੰਗ੍ਰਿਹ 'ਊਣੇ' ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਅਤੇ ਪ੍ਰੇਰਤ ਹੈ। ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ ਇਹ ਨਾਟਕ ਪਲਸ ਮੰਚ ਦੇ ਪਹਿਲੀ ਮਈ ਦੇ ਸਾਰੀ ਰਾਤ ਦੇ ਨਾਟਕ ਮੇਲੇ ਲਈ ਤਿਆਰ ਕੀਤਾ ਜਾ ਰਿਹਾ ਹੈ। ਇਹਦੀ ਪਹਿਲੀ ਪੇਸ਼ਕਾਰੀ 19 ਅਪ੍ਰੈਲ ਪੰਜਾਬ ਕਲਾ ਭਵਨ ਚੰਡੀਗੜ੍ਹ ਲਈ ਵਿਉਂਤੀ ਗਈ ਹੈ। ਗੁਰਮੀਤ ਕੜਿਆਲਵੀ ਸਾਡਾ ਉਹ ਨੌਜਵਾਨ ਕਹਾਣੀਕਾਰ ਹੈ, ਜੋ ਆਪ ਮਜ਼ਦੂਰ ਵਰਗ ਦਾ ਜੰਮਪਲ ਹੈ ਅਤੇ ਪੇਂਡੂ ਮਜ਼ਦੂਰ ਦੀ ਜ਼ਿੰਦਗੀ ਦਾ ਉਹਨੂੰ ਡੂੰਘਾ ਅਧਿਐਨ ਹੈ। ਨਾਲ ਹੀ ਉਹ ਸਮਾਜਿਕ ਵਿਗਿਆਨਿਕ ਸੋਚ ਦਾ ਧਾਰਨੀ ਹੈ। ਉਹ ਪੂਰੀ ਤਰ੍ਹਾਂ ਸਮਝਦਾ ਹੈ ਕਿ ਪੇਂਡੂ ਮਜ਼ਦੂਰ, ਜਿਹੜਾ ਸਾਡੀ ਵਸੋਂ ਦਾ 27 ਫੀਸਦੀ ਹੈ, ਉਹਦੀ ਜ਼ਿੰਦਗੀ ਸਮਾਜ 'ਚ ਬੁਨਿਆਦੀ ਤਬਦੀਲੀ ਬਿਨਾਂ ਨਹੀਂ ਬਦਲ ਸਕਦੀ। ਉਹਦੀਆਂ ਕਹਾਣੀਆਂ 'ਚ ਜਿਥੇ ਘੋਰ ਯਥਾਰਥ ਹੈ, ਉਥੇ ਇੱਛਕ ਯਥਾਰਥ ਦੇ ਰੂਪ ਵਿਚ ਭਵਿੱਖ ਲਈ ਸੁਪਨਾ ਵੀ ਹੈ, ਜਦੋਂ ਅਸੀਂ ਇਕ ਐਸਾ ਸਮਾਜ ਬਣਾ ਸਕਾਂਗੇ, ਜਿਸ ਵਿਚ ਊਚ ਨੀਚ ਦਾ ਮਸਲਾ ਨਹੀਂ ਹੋਵੇਗਾ।

ਨਾਟਕ 'ਊਣੇ ਤੇ ਸੱਖਣੇ' ਦੇ ਪਾਤਰ ਹਨ, ਇਕ ਛੋਟਾ ਕਿਸਾਨ ਜਾਂ ਕਹਿ ਲਵੋ ਟੁੱਟੀ ਕਿਸਾਨੀ ਦਾ ਕਿਰਦਾਰ ਧਰਮ ਸਿੰਘ, ਉਹਦੀ ਪਤਨੀ ਅਤੇ ਨਾਲ ਉਨ੍ਹਾਂ ਦੇ ਘਰ ਕੰਮ ਕਰਦਾ ਪਰਵਾਸੀ ਮਜ਼ਦੂਰ ਮਹੇਂਦਰ ਅਤੇ ਲੇਖਕ ਆਪ। ਲੇਖਕ ਨਾਟਕ ਦਾ ਸੂਤਰਧਾਰ ਵੀ ਹੈ ਅਤੇ ਨਾਟਕ ਦਾ ਪਾਤਰ ਵੀ ਹੈ। ਲੇਖਕ ਦਾ ਪਾਤਰ ਨਾਟਕ 'ਚ ਇਸ ਲਈ ਸ਼ਾਮਿਲ ਕੀਤਾ ਗਿਆ ਹੈ ਤਾਂ ਜੋ ਸਾਰੇ ਸਮਾਜਿਕ ਵਰਤਾਰੇ ਦੀ ਪੂਰੀ ਤਰ੍ਹਾਂ ਵਿਆਖਿਆ ਕੀਤੀ ਜਾ ਸਕੇ।

ਨਾਟਕ ਦਾ ਮੁੱਖ ਪਲਾਟ ਕਹਾਣੀ 'ਊਣੇ' ਦਾ ਹੈ। ਮਹੇਂਦਰ ਧਰਮ ਸਿੰਘ ਨਾਲ ਪਿਛਲੇ ਸੱਤ ਸਾਲਾਂ ਤੋਂ ਲਗਾਤਾਰ ਨਾਲ ਕੰਮ ਕਰ ਰਿਹਾ ਹੈ। ਉਹ ਹੁਣ ਉਨ੍ਹਾਂ ਦੇ ਟੱਬਰ ਦੇ ਮੈਂਬਰਾਂ ਵਾਂਗ ਹੈ। ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਧਰਮ ਸਿੰਘ ਦਾ ਰਿਸ਼ਤਾ ਮਹੇਂਦਰ ਨਾਲ ਸਾਥੀਆਂ ਵਾਲਾ ਹੈ। ਕਿਸਾਨ ਮਾਲਕਾਂ ਵਾਲਾ ਰਿਸ਼ਤਾ ਵੀ ਰੱਖ ਸਕਦਾ ਹੈ ਪਰ ਜੇ ਉਹ ਆਪ ਮਿਹਨਤ ਕਰਨ ਵਾਲਾ ਹੋਵੇ ਤਾਂ ਇਹ ਰਿਸ਼ਤਾ ਸਥੀਆਂ ਵਾਲਾ ਹੀ ਹੁੰਦਾ ਹੈ। ਕਹਾਣੀ ਅਤੇ ਨਾਟਕ ਦਾ ਸਿਖਰ ਹੈ ਜਦੋਂ ਮਹੇਂਦਰ ਦੇ ਘਰੋਂ ਚਿੱਠੀ ਆਈ ਹੈ। ਉਹਦੀ ਭੈਣ

ਧ ਸਿੰਘ ਆਪ ਬੁਰੀ ਤਰ੍ਹਾਂ ਕਰਜ਼ੇ ਥੱਲੇ ਦੱਬਿਆ ਹੋਇਆ ਹੈ। ਉਹ ਉਹਦੇ ਕੋਲੋਂ ਅਗਲੀ ਤਨਖ਼ਾਹ ਨਹੀਂ ਮੰਗ ਸਕੇਗਾ। ਧਰਮ ਸਿੰਘ ਨੂੰ ਜਦੋਂ ਪਤਾ ਲਗਦਾ ਹੈ ਤਾਂ ਉਹਦੀ ਮਦਦ ਕਰਦਾ ਹੈ। ਨਾਟਕ ਦੇ ਬਹੁਤ ਸਾਰੇ ਵਾਰਤਾਲਾਪ ਕਹਾਣੀ ਦੇ ਮੌਲਿਕ ਰੂਪ 'ਚ ਲਏ ਗਏ ਹਨ।

- ਨਾ ਮਹੇਂਦਰਾ, ਕਣਕ ਤਾਂ ਫੇਰ ਵੱਢੀ ਜੂ, ਪਹਿਲਾਂ ਐਂ ਦੱਸ, ਤੈਨੂੰ ਤਕਲੀਫ ਕੀ ਐ ਪਿੰਡ ਤਾਂ ਸੁੱਖ ਸਾਂਦ ਐ? ਜਿਹੜੀ ਪਰਸੋਂ ਚਿੱਠੀ ਆਈ ਸੀ, ਕਿਤੇ ਉਹਦੇ ਵਿਚ ਤਾਂ ਨੀਂ, ਲਿਖਿਆ ਮਾੜਾ ਚੰਗਾ? ਅੱਗੇ ਤਾਂ ਕਦੇ ਇਉਂ ਮੂੰਹ ਨੀਂ ਬਣਾਇਆ ਹੈ। ਤਕਲੀਫ ਹੈ ਜ਼ਰੂਰ ਤੈਨੂੰ ਕੋਈ।

- ਬਹਿਨ ਕਾ ਗੌਣਾ ਪੜਨਾ ਹੈ ਅਸਾੜ, ਬਿ।

- ਗੌਣਾ ਪੜਨੈ? ਸੌਹਰੀ ਦਿਆ, ਹੋਰ ਮੂੰਹੋਂ ਗੱਲ, ਨਿਕਲਦੀ ਮਲੋ-ਮੱਲੀ, ਹੈਦੇ ਵਿਚ ਉਸ ਹੋਣ ਵਾਲੀ ਕਿਹੜੀ ਗੱਲ ਐ ਭਲਾ?

- ਜਲਦੀ ਚਲੇ ਆਨੇ ਕੋ ਬੋਲਾ।

- ਚਲਾ ਜਾਈਂ ਫੇਰ। ਵਾਢੀ ਤੋਂ ਮਗਰੋਂ। ਲਿਖੇ ਕੀ ਤੈਂ ਕੁੱਤਿਆਂ ਦੇ ਕੱਛੀਆਂ ਪਾਉਣੀਆਂ ਨੇ ਕਿ ਕੁਤੀੜ ਦੀ ਫੈਮਲੀ ਪਲੈਨ ਕਰਨੀ ਐ।

- ਬਾਤ ਤੋ ਯੇਹ

- ਬਾਤ ਨੂੰ ਸੌਹਰੀ ਦੀਏ ਕਮਜਾਤੇ, ਤੈਂ ਕਿਤੇ ਮਨਿਹਟਰ ਤੋਂ ਜਾਜਤ ਲੈਣੀ ਐ। ਵਾਢੀ ਤੋਂ ਮਗਰੋਂ ਦਾਣੇ ਕਢਵਾ ਦੀ ਲਾ ਜਾਈਂ ਚਿੱਤੜਾ ਨੂੰ ਅੱਡੀਆਂ। ਮੈਂ ਆਪੇ ਪਿਛੋਂ ਔਖਾ-ਸੌਖਾ ਹੋ ਕੇ ਸੱਠੀ ਬੀਜ ਲੂੰ। ਹੋਰ ਦੱਸ, ਐਵੇਂ ਹਾਕਲ-ਬਾਕਲ ਹੋਇਆ ਫਿਰਦੈਂ।

-ਬਾਤ ਬੋਲਾ ਕਿ ਸਿਰਦਿਆਹ ਸੇ ਦੂਈ ਹਜ਼ਾਰ ਡਵਾਂਸ ਲਈ ਲੇਨਾ। ਗੌਣ ਪੜ੍ਹਤ ਹੀ ਆ ਜਾਉਂਗਾ ਕਾਮ ਪੇ। ਸਾਰਾ ਹਿਸਾਬ ਚੁਕਤਾ ਕਰ ਦਿਉਂ। ਮਹੇਂਦਰ ਸਹਿਜ- ਸੁਭਾਵਕ ਆਪਣੀ ਬੋਲੀ ਬੋਲ ਪਿਆ ਸੀ। ਹੁਣ ਧਰਮ ਸਿੰਘ ਕੀ ਸੋਚਦਾ ਹੈ? ਇੱਥੇ ਲੇਖਕ ਦਰਸ਼ਕ ਨੂੰ ਸੰਬੋਧਨ ਹੁੰਦਾ ਹੈ।

'ਲੈ ਪੱਟਿਆ ਪਹਾੜ, ਨਿਕਲਿਆ ਚੂਹਾ। ਐਨੀ ਗੱਲ ਪਿਛੇ ਕੱਲ ਦਾ ਐਂ ਹੋਇਆ ਪਿਆ, ਜਿਮੇਂ ਕੁਤੀੜ ਦੇ ਸਿਰ ਵਿਚ ਕੀੜੇ ਪਏ ਹੋਣ। ਦੋ ਹਜ਼ਾਰ ਦਾ ਕੀ ਐ ਤੂੰ ਤਿੰਨ ਲੈ ਜੀਂ, ਹੋਰ ਦੱਸ! ਬਸ ਆਹੀ ਗੱਲ! ਕਰ ਤੀ ਨਾ ਉਹੋ ਪੂਰਬੀਆਂ ਆਲੀ। ਸੌਹਰੀ ਦਿਆ, ਐ ਤਾਂ ਸੋਚ, ਕਿੰਨਾ ਚਿਰ ਹੋ ਗਿਆ ਤੈਨੂੰ ਮੇਰੇ ਨਾਲ ਕੰਮ ਕਰਦਿਆਂ। ਕੋਈ ਸੀਰੀਆਂ ਸਾਂਝੀਆਂ ਵਾਲਾ ਰੱਖਿਆ ਐ ਸਾਬ, ਕਤਾਬ ਤੇਰੇ ਨਾਲ? ਸਹੀ ਪੁੱਛੇਂ ਸੱਤ ਸਾਲ ਧੀਆਂ ਪੁੱਤਾਂ ਆਗੂੰ ਰਿਹੈਂ। ਘਰ ਦਾ ਕੰਮ ਸੰਭਾਲਿਆ, ਦੇਹ ਨ੍ਹੀਂ ਲੁਕਾਈ ਕਿਸੇ ਗੱਲ ਤੋਂ। ਫੇਰ ਤੂੰ ਈ ਦੱਸ, ਮੈਂ ਕਿਵੇਂ ਪਾਸਾ ਵੱਟ ਲੂੰ ਤੇਰੇ ਤੋਂ।

ਜੇ ਹੁਣ ਹਬੀ-ਨਬੀ ਵਿਚ ਲੋੜ ਪੈ ਗਈ ਤੈਨੂੰ, ਮੂੰਹ ਫੇਰ ਲਾਂ ਤੇਰੇ ਤੋਂ? ਹਤ ਤੇਰੀ। ਮੇਰੇ ਮੂੰਹੋਂ ਗਾਲ ਨਿਕਲਦੀ ਐ ਮਲੋ-ਮੱਲੀ। ਪੈਸੇ ਸਹੁਰੇ ਹੱਥਾਂ ਦੀ ਮੈਲ ਐ। ਆਹ ਦਾਣੇ ਕੱਢਾਂਗੇ ਤੇ ਆੜਤੀਏ ਤੋਂ ਫੜਕੇ ਪੈਸੇ ਦੇ ਦਿਉਂ, ਹੋਰ ਕੀ?' ਪਰ ਉਹ ਕਹਿ ਨਾ ਸਕਿਆ। ਉਸ ਦੀ ਤਾਂ ਜਿਵੇਂ ਜ਼ੁਬਾਨ ਹੀ ਠਾਕੀ ਗਈ ਹੋਵੇ। ਉਸ ਦੇ ਚਿਹਰੇ ਦਾ ਰੰਗ ਪੀਲਾ ਪੈ ਗਿਆ। ਦਿਲ ਗੋਤੇ ਖਾਣ ਲੱਗਿਆ। ਕਿੰਨੀਆਂ ਹੀ ਖੁੱਡਾਂ ਨੇ ਹਾੜ੍ਹੀ ਦੀ ਫਸਲ ਆਈ ਤੋਂ ਭਰਨ ਆਲੀਆਂ। ਸੋਸਾਇਟੀ ਵਾਲੇ ਕਿੰਨੀ ਵਾਰ ਗੇੜੇ ਮਾਰ ਚੁੱਕੇ ਨੇ। ਸਿਆਲਾਂ ਵਿਚ ਨਾਮੀ ਦੇ ਬਿਮਾਰ ਹੋਣ 'ਤੇ ਪੂਰਾ ਦੋ ਹਜ਼ਾਰ ਆੜ੍ਹਤੀਏ ਤੋਂ ਫੜਕੇ ਲਾਇਆ ਸੀ । ਢਾਈ-ਤਿੰਨ ਹਜ਼ਾਰ ਤੋਂ ਉੱਤੇ ਛੁੰਮਣ ਕਰਾੜ ਦਾ ਬਣਿਆ ਪਿਆ ਐ। ਹੁਣ ਤਾਂ ਹੁਧਾਰ ਦਿੰਦਿਆਂ ਹੌਰੂ ਜੋ ਗੱਲਾਂ ਕਰਨ ਲਗ ਜਾਂਦਾ ਐ, ਕੁਣੀਆ। ਕੱਤੇ ਵਿਚ ਰੰਗੜ ਝੋਟੀ ਫਲ ਸਿੱਟ ਗਈ ਸੀ, ਛੇਵੇਂ ਮਹੀਨੇ, ਆਪ ਵਾਹਵਾ ਬੇਚ ਗਈ। ਹਜ਼ਾਰ ਉਦੋਂ ਲਗ ਗਿਆ ਸੀ। ਭਲਾ ਹੋਵੇ ਨਾਮੀ ਦੀ ਮਾਸੀ ਦੇ ਪੁੱਤ ਜਮੇਰ ਸਿਉਂ ਦਾ, ਵਿਚਾਰੇ ਨੇ ਮੌਕਾ ਸਾਰ ਦਿੱਤਾ। ਉਹਦੇ ਵੀ ਦੇਣੇ ਐ। ਖੈਰ ਇਹ ਸਭ ਕਾਸੇ ਦਾ ਤਾਂ ਸਰ ਜਾਂਦਾ। ਜੀਤੀ ਦੇ ਸਹੁਰੇ ਸਾਲ ਭਰ ਦੇ ਪਿੱਛੇ ਪਏ ਐ, ਵਿਆਹ ਲੈਣ ਲਈ।

ਕਿਹੜੇ-ਕਿਹੜੇ ਰਿਸ਼ਤੇਦਾਰ, ਸਕੇ-ਸਰਬੰਧੀ ਨੂੰ ਠੱਗਣਾ ਪੈਣਾ ਐਂ। ਕਿੰਨਾ ਵੱਡਾ ਭਾਰ ਬੂਹਿਓਂ ਉਠਾਉਣਾ ਏਂ। ਸਾਰੀਆਂ ਆਸਾਂ ਹੀ ਵਾਢੀ ਉਤੇ ਨੇ। ਘਰ ਦੀਆਂ ਸਾਰੀਆਂ ਤੰਗੀਆਂ-ਮੁਸੀਬਤਾਂ ਬਾਰੇ ਸੋਚਕੇ ਉਹਦੇ ਸਰੀਰ ਉਤੇ ਕੀੜੀਆਂ ਤੁਰਨ ਲਗ ਪਈਆਂ।...'

ਲੇਖਕ ਸੂਤਰ ਧਾਰ, ਧਰਮ ਸਿੰਘ ਦੇ ਦਿਲ ਤੇ ਜੋ ਬੀਤੀ ਹੈ, ਉਹ ਦਰਸ਼ਕਾਂ ਨਾਲ ਸਾਂਝੀ ਕਰਦਾ ਹੈ। ਧਰਮ ਸਿੰਘ ਆਪ ਮਹੇਂਦਰ ਨੂੰ ਸੰਬੋਧਨ ਹੁੰਦਾ ਹੈ:

- ਮਹੇਂਦਰਾ, ਸੌਹਰੇ ਦੋ ਹਜ਼ਾਰ ਦਾ ਕੀ ਸੀ। ਭਮੇਂ ਜਿੰਨੇ ਮਰਜ਼ੀ ਲੈ ਲੈਂਦਾ ਪਰ ਘਰ ਦੇ ਹਾਲ-ਚਾਲ ਦਾ ਤਾਂ ਤੈਨੂੰ ਵੀ ਚੰਗੀ ਤਰ੍ਹਾਂ ਪਤਾ ਐ। ਸੋਹੁਰੀਆ ਖੁੱਡਾਂ ਹੀ ਬਾਹਲੀਆਂ ਨੇ ਭਰਨ ਗੋਚਰੀਆਂ। ਨਾਲੇ ਆਪਣੀ ਜੀਤੀ ਦਾ ਵਿਆਹ ਪੱਕਾ ਹੋਇਐ ਐ ਹਾੜ੍ਹ ਦਾ।'' ਮੈਂ ਤਾਂ ਸੋਚਦਾ ਸੀ, ਮਹੇਂਦਰ ਨੂੰ ਕਹੂੰ, ਐਤਕੀ ਦੇ ਸਾਲ ਦੋ ਹਜ਼ਾਰ ਤੇਰਾ ਮੈਂ ਵਰਤ ਲਾਂ।

ਸੂਤਰਧਾਰ(ਇਕ ਪਾਸੇ)- ਧਰਮ ਸਿੰਘ ਨੂੰ ਆਪਣੇ ਆਪ ਉਤੇ ਡਾਢੀ ਨਮੋਸ਼ੀ ਆਈ। ਉਹਨੂੰ ਜਾਪਿਆ ਜਿਵੇਂ ਬਹੁਤ ਵੱਡਾ ਝੂਠ ਮਾਰ ਰਿਹਾ ਹੋਵੇ। ਸੁਣਦਿਆਂ ਮਹੇਂਦਰ ਦੀਆਂ ਅੱਖਾਂ ਦੁਆਲੇ ਪਸਰੀ ਕਾਲੋਂ ਹੋਰ ਗੂੜ੍ਹੀ ਹੋ ਗਈ। ਉਹ ਕੁਝ ਨਾ ਬੋਲ ਸਕਿਆ।

ਧਰਮ ਸਿੰਘ- ਖੈਰ ਤੂੰ ਐਂ ਦਿਲ ਛੋਟਾ ਨਾ ਕਰ, ਮੈਂ ਕੋਸ਼ਟ ਜ਼ਰੂਰ ਕਰੂੰ ਐਧਰੋ-ਉਧਰੋਂ ਹੱਥ ਪਲਾ ਮਾਰਨ ਦਾ।

ਧਰਮ ਸਿੰਘ ਨਾਟਕ ਦੇ ਅੰਤ ਵਿਚ ਮਹੇਂਦਰ ਨੂੰ ਕਲਾਵੇ 'ਚ ਲੈ ਕੇ ਇਹ ਵਾਰਤਾਲਾਪ ਜਜ਼ਬਾਤ ਵਿਚ ਬੋਲਦਾ ਹੈ ਤਾਂ ਇਕ ਅਜੀਬ ਰਿਸ਼ਤਾ ਸਥਾਪਤ ਹੁੰਦਾ ਹੈ, ਮਿਹਨਤਕਸ਼ ਲੋਕਾਂ ਦਾ ਆਪਸੀ। ਨਾਟਕ ਕਈ ਪਰਤਾਂ 'ਤੇ ਸੁਨੇਹਾ ਦਿੰਦਾ ਹੈ। ਨਾਟਕ ਦੀਆ ਉੱਪ ਘਟਨਾਵਾਂ ਰਾਹੀਂ ਇਸ ਨਾਬਰਾਬਰੀ ਦੇ ਸਮਾਜ ਉਤੇ ਤੀਖਣ ਟਿੱਪਣੀਆਂ ਹਨ।

ਟੀ.ਵੀ ਰਾਹੀਂ ਹੁਣ ਇਹ ਮੁਸ਼ਕਿਲ ਹੈ ਕਿ ਕਿਸੇ ਕਹਾਣੀ ਨੂੰ ਫਲੈਸ਼ਬੈਕ ਤਕਨੀਕ ਨਾਲ ਪੂਰੀ ਡੂੰਘਿਆਈ ਨਾਲ ਪੇਸ਼ ਕੀਤਾ ਜਾ ਸਕੇ। ਮੰਚ ਨਾਟਕਾਂ 'ਚ ਵੀ ਕਹਾਣੀ ਨੂੰ ਦੱਸਣ ਲਈ ਕਈ ਸਫ਼ਲ ਤਜਰਬੇ ਹੋ ਰਹੇ ਹਨ। ਊਣੇ ਤੇ ਸੱਖਣੇ ਵੀ ਚੰਡੀਗੜ੍ਹ ਸਕੂਲ ਆਫ ਡਰਾਮਾ ਦੇ ਉਸ ਨਿਸ਼ਾਨੇ ਦਾ ਹਿੱਸਾ ਹੈ, ਜਦੋਂ ਸਾਹਿਤ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਣਾ ਹੈ। ਕਿਸੇ ਕਹਾਣੀ ਦਾ